ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
ਸਮੱਗਰਾ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
ਬਲਾਕ-ਈ, ਪੰਜਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:,ਫੇਜ਼-8 ਐੱਸ.ਏ.ਐੱਸ ਨਗਰ, ਮੁਹਾਲੀ

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)
ਪੰਜਾਬ।

ਮੀਮੋ ਨੰ:-SCERT/PPPP/2019568994 ਮਿਤੀ:-20-02-2019

ਵਿਸ਼ਾ:- ਪ੍ਰਾਇਮਰੀ ਸਕੂਲਾਂ ਨੂੰ Activity Based Learning ਅਧੀਨ ਜਾਰੀ ਕੀਤੀ ਗ੍ਰਾਂਟ ਨੂੰ ਖਰਚ ਕਰਨ ਸਬੰਧੀ ਦਿਸ਼ਾ ਨਿਰਦੇਸ਼।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬ ਸਰਕਾਰ ਵੱਲੋਂ ਰਾਜ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਲਈ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਪ੍ਰੋਜੈਕਟ ਚਲਾਇਆ ਜਾ ਰਿਹਾ ਹੈ।ਇਸ ਦੇ ਤਹਿਤ LEP (class I & II) ਮੱਦ ਅਧੀਨ Activity Based Learning ਲਈ ਪ੍ਰਤੀ ਸਕੂਲ 2500/- ਰੁਪਏ ਦੀ ਗ੍ਰਾਂਟ ਜਾਰੀ ਕੀਤੀ ਜਾ ਰਹੀ ਹੈ।

3.0 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ ਇਸ ਗ੍ਰਾਂਟ ਨੂੰ ਸਕੂਲ ਪੱਧਰ ਤੇ ਤੁਰੰਤ ਜਾਰੀ ਕਰਨਾ ਯਕੀਨੀ ਬਨਾਉਣਗੇ ਅਤੇ ਸਕੂਲ ਮੁੱਖੀ ਇਸ ਗ੍ਰਾਂਟ ਨੂੰ ਨਿਯਮਾਂ ਅਨੁਸਾਰ ਖਰਚ ਕਰਨਾ ਸੁਨਿਸ਼ਚਿੱਤ ਕਰਨਗੇ।

4.0 ਸਕੂਲਾਂ ਵੱਲੋਂ ਇਸ ਗ੍ਰਾਂਟ ਦੀ ਵਰਤੋਂ ਕੇਵਲ Activity Based Learning ਅਧੀਨ ਗਤੀਵਿਧੀਆਂ ਕਰਨ ਲਈ ਹੀ ਕੀਤੀ ਜਾਵੇ ਤਾਂ ਜੋ ਇਹ ਬੱਚਿਆਂ ਦੇ ਮਾਨਸਿਕ ਪੱਧਰ ਨੂੰ ਉੱਪਰ ਚੁੱਕਣ ਵਿੱਚ ਸਹਾਈ ਹੋ ਸਕੇ।

5.0 ਸਕੂਲਾਂ ਦੇ ਅਧਿਆਪਕਾਂ ਵੱਲੋਂ ਕਮਰਿਆਂ ਦੇ ਅੰਦਰ ਅਤੇ ਬਾਹਰ Activity Based Learning ਲਈ ਜੋ ਸਿੱਖਣ ਸਹਾਇਕ ਸਮੱਗਰੀ ਤਿਆਰ ਕੀਤੀ ਜਾਣੀ ਹੈ ਉਸ ਲਈ ਕੰਧਾਂ, ਛੱਤਾਂ, ਪਿੱਲਰ ਆਦਿ ਦੀ ਵਰਤੋਂ ਕੀਤੀ ਜਾਵੇ, ਭਾਵ ਬੱਚਿਆਂ ਦੀ ਨਜ਼ਰ ਜਿੱਥੇ ਵੀ ਜਾਵੇ ਉਸ ਨੂੰ ਵੇਖਣ ਅਤੇ ਪੜ੍ਹਨ ਨਾਲ ਗਿਆਨ ਹਾਸਲ ਹੋਵੇ।

6.0 Activity Based Learning ਅਧੀਨ ਪੇਂਟ ਕਰਵਾਉਣ ਲਈ ਵਰਾਂਡੇ, ਛੱਤਾਂ ਅਤੇ ਪਿੱਲਰਾਂ ਦੀ ਵਰਤੋਂ ਕਰਨ ਨਾਲ ਵਿਦਿਆਰਥੀ ਸਕੂਲ ਸਮੇਂ ਦੌਰਾਨ ਅਤੇ ਬਾਅਦ ਵਿੱਚ ਵੀ ਇਸ ਨੂੰ ਪੜ੍ਹਦੇ ਅਤੇ ਸਮਝਦੇ ਰਹਿਣ।ਵਰਾਂਡੇ ਵਿੱਚ ਪੇਂਟ ਕਰਵਾਉਣ ਨਾਲ ਸਿੱਖਣ ਸਹਾਇਕ ਸਮੱਗਰੀ ਮੌਸਮ ਨਾਲ ਖਰਾਬ ਨਹੀਂ ਹੋਵੇਗੀ।

7.0 Activity Based Learning ਅਧੀਨ ਪੇਂਟ ਕਰਵਾਈ ਜਾਣ ਵਾਲੀ ਸਿੱਖਣ ਸਹਾਇਕ ਸਮੱਗਰੀ ਪਾਠ-ਪੁਸਤਕ ਅਤੇ ਬੱਚਿਆਂ ਦੇ ਮਾਨਸਿਕ ਪੱਧਰ 'ਤੇ ਅਧਾਰਿਤ ਹੋਵੇ।

8.0 ਇਸ ਕੰਮ ਨੂੰ ਨੇਪਰੇ ਚੜ੍ਹਾਉਣ ਲਈ ਅਧਿਆਪਕ ਸਕੂਲ ਪੱਧਰ ਤੇ ਪੇਂਟ ਕਰਵਾਉਣ ਲਈ ਉਸ ਸਿੱਖਣ ਸਹਾਇਕ ਸਮੱਗਰੀ ਦੀ ਚੋਣ ਕਰਨ, ਜੋ ਕਿ ਹਰ ਜਮਾਤ ਦੇ ਵਿਦਿਆਰਥੀਆਂ ਲਈ ਕੰਮ ਆ ਸਕੇ, ਜਿਵੇਂ ਕਿ ਦਿਨਾਂ ਅਤੇ ਮਹੀਨਿਆਂ ਦੇ ਨਾਂ, ਮੁਹਾਰਨੀ, ਅੰਕਾਂ ਅਤੇ ਸ਼ਬਦਾਂ ਵਿੱਚ ਗਿਣਤੀ, ਸ਼ਬਦ-ਭੰਡਾਰ (ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ), ਰਾਈਮਜ਼, ਅੰਗਾਂ ਦੇ ਨਾਂ, ਗਣਿਤ ਦੇ ਫਾਰਮੂਲੇ ਆਦਿ।

9.0 ਸਕੂਲ ਵਿੱਚ ਮੌਜੂਦ ਵਸਤੂਆਂ ਨੂੰ ਤਿੰਨੇ ਭਾਸ਼ਾਵਾਂ ਵਿੱਚ ਲੇਬਲ ਕਰਵਾਇਆ ਜਾਵੇ, ਜਿਵੇਂ ਕਿ ਦਰਵਾਜ਼ੇ ਉੱਪਰ ਦਰਵਾਜ਼ਾ, द्रवाजा ਅਤੇ Door ਲਿਖਵਾਇਆ ਜਾ ਸਕਦਾ ਹੈ।

10.0 Activity Based Learning ਅਧੀਨ ਪੇਂਟ ਨੂੰ ਆਕਰਸ਼ਕ ਬਣਾਉਣ ਲਈ ਬੱਚਿਆਂ ਦੇ ਮਨਪਸੰਦ ਰੰਗਾਂ ਦੀ ਵਰਤੋਂ ਕੀਤੀ ਜਾਵੇ।

11.0 ਸਮੂਹ ਸਕੂਲ ਮੁੱਖੀ ਅਤੇ ਵੱਖ-ਵੱਖ ਜਮਾਤਾਂ ਨੂੰ ਪੜ੍ਹਾਉਣ ਵਾਲੇ ਅਧਿਆਪਕ ਇਹ ਸੁਨਿਸ਼ਚਿਤ ਕਰਨਗੇ ਕਿ Activity Based Learning ਅਧੀਨ ਪੇਂਟ ਕਰਵਾਈ ਗਈ ਸਿੱਖਣ ਸਹਾਇਕ ਸਮੱਗਰੀ ਦੀ ਵਰਤੋਂ ਵਿਦਿਆਰਥੀਆਂ ਨੂੰ ਸਮੇਂ-ਸਮੇਂ 'ਤੇ ਪੜ੍ਹਾਉਣ ਲਈ ਕੀਤੀ ਜਾਵੇ।ਸ਼ੁਰੂ ਵਿੱਚ ਅਧਿਆਪਕ ਬੱਚਿਆ ਨੂੰ ਪੇਂਟ ਹੋਈ ਸਿੱਖਣ ਸਹਾਇਕ ਸਮੱਗਰੀ ਬਾਰੇ ਦੱਸਣ, ਹਰ ਹਫਤੇ ਇਸਦੀ ਦੁਹਰਾਈ ਕਰਵਾਈ ਜਾਵੇ ਅਤੇ ਨਾਲ ਹੀ

ਵਿਦਿਆਰਥੀਆਂ ਨੂੰ ਅੱਧੀ ਛੁੱਟੀ ਅਤੇ ਸਕੂਲ ਲੱਗਣ ਤੋਂ ਪਹਿਲਾਂ ਪੜ੍ਹਨ ਅਤੇ ਸਮਝਣ ਲਈ ਪ੍ਰੇਰਿਤ ਕੀਤਾ ਜਾਵੇ।

12.0 ਸਮੂਹ ਸਕੂਲ ਮੁੱਖੀ ਅਤੇ ਵੱਖ-ਵੱਖ ਜਮਾਤਾਂ ਨੂੰ ਪੜ੍ਹਾਉਣ ਵਾਲੇ ਅਧਿਆਪਕ Activity Based Learning ਅਧੀਨ ਪੇਂਟ ਕਰਵਾਈ ਸਿੱਖਣ ਸਹਾਇਕ ਸਮੱਗਰੀ ਦੀ ਸੰਭਾਲ ਵੀ ਸੁਨਿਸ਼ਚਿਤ ਕਰਨਗੇ ਅਤੇ ਬੱਚਿਆਂ ਨੂੰ ਇਸ ਦੀ ਸੰਭਾਲ ਬਾਰੇ ਪ੍ਰੇਰਿਤ ਵੀ ਕਰਨਗੇ।

13.0 ਸਕੂਲਾਂ ਵੱਲੋਂ Activity Based Learning ਅਧੀਨ ਪੇਂਟ ਕਰਵਾਈ ਜਾਣ ਵਾਲੀ ਸਿੱਖਣ ਸਹਾਇਕ ਸਮੱਗਰੀ ਦਾ ਖਰਚਾ ਸਮੱਗਰਾ ਸਿੱਖਿਆ ਅਭਿਆਨ ਦੇ **Financial Management and Procurement Manual** ਦੀਆਂ ਵਿੱਤੀ ਹਦਾਇਤਾਂ ਅਨੁਸਾਰ ਹੀ ਕੀਤਾ ਜਾਵੇ ਅਤੇ ਇਸ ਗ੍ਰਾਂਟ ਦੇ ਵੇਰਵੇ ਨੂੰ ਰਜਿਸਟਰ ਵਿੱਚ ਇੰਦਰਾਜ਼ ਕਰਨਾ ਯਕੀਨੀ ਬਣਾਇਆ ਜਾਵੇ।

14.0 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿੱ) ਵੱਲੋਂ ਇਸ ਗ੍ਰਾਂਟ ਦਾ ਵਰਤੋਂ ਸਰਟੀਫਿਕੇਟ ਮੁੱਖ ਦਫ਼ਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।

15.0 ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਪਿੱਠ ਅੰਕਣ ਨੰ:  ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ
2. ਡੀ.ਪੀ.ਆਈ. (ਐ.ਸਿ), ਪੰਜਾਬ
3. ਡਾਇਰੈਕਟਰ, ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ